# Virtual Meeting between EAM and Foreign Affairs Minister of Morocco

October 22, 2020

## ਵਿਦੇਸ਼ ਮੰਤਰੀ ਅਤੇ ਮੋਰੱਕੋ ਦੇ ਵਿਦੇਸ਼ ਮੰਤਰੀ ਦਰਮਿਆਨ ਹੋਈ ਵਰਚੁਅਲ ਬੈਠਕ

22 ਅਕਤੂਬਰ, 2020

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ 22 ਅਕਤੂਬਰ, 2020 ਨੂੰ ਮੋਰੋੱਕੋ ਰਾਜ ਦੇ ਵਿਦੇਸ਼, ਅਫਰੀਕੀ ਸਹਿਕਾਰਤਾ ਅਤੇ ਮੋਰੱਕਨ ਪਰਦੇਸੀਆਂ ਬਾਰੇ ਮੰਤਰੀ ਮਹਾਮਹਿਮ ਸ਼੍ਰੀ ਨਸੀਰ ਬੌਰੀਤਾ ਨਾਲ ਵਰਚੁਅਲ ਮੁਲਾਕਾਤ ਕੀਤੀ।

2. ਦੋਨਾਂ ਧਿਰਾਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਅਕਤੂਬਰ 2015 ਵਿੱਚ ਹੋਏ ਭਾਰਤ-ਅਫਰੀਕਾ ਫੋਰਮ ਦੇ ਤੀਜੇ ਸੰਮੇਲਨ ਵਿੱਚ ਸ਼ਮੂਲੀਅਤ ਕਰਨ ਲਈ ਮੋਰੱਕੋ ਦੇ ਰਾਜਾ ਮਹਾਮਹਿਮ ਮੁਹੰਮਦ VI ਵੱਲੋਂ ਕੀਤੀ ਗਈ ਮਹੱਤਵਪੂਰਣ ਯਾਤਰਾ ਤੋਂ ਬਾਅਦ ਦੁਵੱਲੇ ਸੰਬੰਧਾਂ ਵਿੱਚ ਕਾਫ਼ੀ ਡੂੰਘਾਈ ਅਤੇ ਜੋਸ਼ ਆਇਆ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਆਈ.ਟੀ. ਸਿੱਖਿਆ, ਸਭਿਆਚਾਰ, ਖੇਤੀਬਾੜੀ, ਆਪਸੀ ਕਾਨੂੰਨੀ ਸਹਾਇਤਾ, ਸਪੁਰਦਗੀ ਆਦਿ ਵਰਗੇ ਖੇਤਰਾਂ ਵਿੱਚ 23 ਤੋਂ ਵੱਧ ਮੰਤਰੀਆਂ ਦੀਆਂ ਫੇਰੀਆਂ ਅਤੇ 40 ਤੋਂ ਵੱਧ ਸਮਝੌਤਿਆਂ ਅਤੇ ਸੰਧੀਆਂ ਦਾ ਹੋਣਾ ਦੋਵਾਂ ਪੱਖਾਂ ਵੱਲੋਂ ਦੁਵੱਲੇ ਸਬੰਧਾਂ ਨੂੰ ਹੋਰ ਉਚਾਈ ‘ਤੇ ਲੈ ਜਾਣ ਦੀ ਮਜ਼ਬੂਤ ਇੱਛਾ ਦਾ ਸਬੂਤ ਹੈ। ਵਿਦੇਸ਼ ਮੰਤਰੀ ਨੇ ਮੋਰੱਕੋ ਨੂੰ ਆਰਥਿਕ ਤਰੱਕੀ ਅਤੇ ਖੁਸ਼ਹਾਲੀ ਦੀ ਰਾਹ 'ਤੇ ਲਿਜਾਣ ਵਿੱਚ ਮਹਾਮਹਿਮ ਦੀ ਦੂਰਅੰਦੇਸ਼ ਅਗੁਆਈ ਦੀ ਭਾਰਤ ਵੱਲੋਂ ਸ਼ਲਾਘਾ ਦਾ ਇਜ਼ਹਾਰ ਕੀਤਾ।

3. ਵਪਾਰਕ ਅਤੇ ਨਿਵੇਸ਼ ਸੰਬੰਧਾਂ ਵਿੱਚ ਹੋਏ ਵਾਧੇ ਨੂੰ ਸਕਾਰਾਤਮਕ ਆਖਦੇ ਹੋਏ ਮੰਤਰੀਆਂ ਨੇ ਖਾਸ ਤੌਰ 'ਤੇ ਖਾਦਾਂ, ਕਪੜੇ, ਫਾਰਮਾਸਿਉਟਿਕਲ, ਆਟੋਮੋਬਾਈਲਜ਼ ਅਤੇ ਆਈ.ਸੀ.ਟੀ. ਸੈਕਟਰਾਂ ਵਿੱਚ ਨੇੜਲੇ ਸਹਿਯੋਗ ਦੀ ਗੱਲ ਕੀਤੀ। ਇਸਤੋਂ ਛੁੱਟ ਉਨ੍ਹਾਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਸਾਈਬਰ ਸੁਰੱਖਿਆ, ਅੱਤਵਾਦ ਦਾ ਮੁਕਾਬਲਾ ਕਰਨ ਅਤੇ ਪੁਲਾੜ ਦੇ ਖੇਤਰਾਂ ਵਿੱਚ ਪਿਛਲੇ ਦੋ ਸਾਲਾਂ ’ਚ ਹੋਏ ਸਮਝੌਤੇਤਿਆਂ / ਸੰਧੀਆਂ ਮਜ਼ਬੂਤ ਅਤੇ ਵਿਆਪਕ ਸਬੰਧਾਂ ਦੀ ਨੀਂਹ ਚਿਣਨ ਲਈ ਮਜ਼ਬੂਤ ਢਾਂਚਾ ਪ੍ਰਦਾਨ ਕਰਦੀਆਂ ਹਨ। ਦੋਨਾਂ ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਦੋਵਾਂ ਧਿਰਾਂ ਨੂੰ ਰੱਖਿਆ ਸਹਿਯੋਗ ਅਤੇ ਸਭਿਆਚਾਰਕ ਵਟਾਂਦਰੇ ਦੇ ਪ੍ਰੋਗਰਾਮ ਬਾਰੇ ਸਮਝੌਤੇ ਨੂੰ ਅੰਤਮ ਰੂਪ ਦੇਣ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ ਤਾਂ ਜੋ ਇਨ੍ਹਾਂ 'ਤੇ ਛੇਤੀ ਤੋਂ ਛੇਤੀ ਦਸਤਖਤ ਹੋ ਸਕਣ।

4. ਉਨ੍ਹਾਂ ਨੇ COVID -19 ਮਹਾਂਮਾਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਪੋ ਆਪਣੇ ਦੇਸ਼ ਦੇ ਨਜ਼ਰੀਏ ਬਾਰੇ ਵਿਚਾਰ ਵਟਾਂਦਰਾ ਕੀਤਾ। ਵਿਦੇਸ਼ ਮੰਤਰੀ ਨੇ ਮਹਾਂਮਾਰੀ ਦੇ ਮੱਦੇਨਜ਼ਰ ਅੰਤਰਰਾਸ਼ਟਰੀ ਉਡਾਣਾਂ ਦੇ ਬੰਦ ਹੋਣ ਕਾਰਨ ਮੋਰੱਕੋ ਵਿੱਚ ਫਸੇ ਭਾਰਤੀ ਨਾਗਰਿਕਾਂ ਦੀ ਵਾਪਸੀ ਲਈ ਮੋਰੱਕੋ ਸਰਕਾਰ ਵੱਲੋਂ ਦਿੱਤੇ ਗਏ ਸਹਿਯੋਗ ਲਈ ਸ਼੍ਰੀ ਬੌਰੀਤਾ ਦਾ ਧੰਨਵਾਦ ਕੀਤਾ। ਸ਼੍ਰੀ ਬੌਰੀਤਾ ਨੇ ਵੀ ਇਸ ਔਖੀ ਘੜੀ ਦੌਰਾਨ ਭਾਰਤ ਸਰਕਾਰ ਵੱਲੋਂ ਦਵਾਈਆਂ ਦਾ ਵਪਾਰਕ ਨਿਰਯਾਤ ਸੁਖਾਲਾ ਬਣਾਉਣ ਲਈ ਇਸਦੀ ਸ਼ਲਾਘਾ ਕੀਤੀ।

5. ਦੋਵਾਂ ਮੰਤਰੀਆਂ ਨੇ ਸੰਯੁਕਤ ਰਾਸ਼ਟਰ ਅੰਦਰ ਸੁਧਾਰਾਂ, ਅੱਤਵਾਦ ਵਿਰੁੱਧ ਕੌਮਾਂਤਰੀ ਜੰਗ, ਮੌਸਮੀ ਤਬਦੀਲੀ, ਨਵਿਆਉਣਯੋਗ ਊਰਜਾ ਅਤੇ ਭਾਰਤ ਅਫਰੀਕਾ ਫੋਰਮ ਸੰਮੇਲਨ (IAFS) ਪ੍ਰਣਾਲੀ ਦੇ ਤਹਿਤ ਸਹਿਯੋਗ ਸਣੇ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਡੂੰਘੇ ਵਿਚਾਰ ਵਟਾਂਦਰੇ ਕੀਤੇ।

6. ਬੌਜ਼ਨੀਕਾ ਅੰਦਰ ਹੋਏ ਹਾਲੀਆ ਅੰਤਰ-ਲੀਬੀਆ ਸੰਵਾਦ ਸਣੇ ਸ਼੍ਰੀ ਬੌਰੀਤਾ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਪ੍ਰਤੀਕਰਮ ਵਜੋਂ ਵਿਦੇਸ਼ ਮੰਤਰੀ ਨੇ ਸੰਕਟ ਦੀ ਸ਼ੁਰੂਆਤ ਤੋਂ ਹੀ ਮੋਰੱਕੋ ਵੱਲੋਂ ਸਾਰੀਆਂ ਲੀਬੀਅਨ ਪਾਰਟੀਆਂ ਨਾਲ ਹੋਈ ਸੁਲਝੀ ਅਤੇ ਉਸਾਰੂ ਗੱਲਬਾਤ ਅਤੇ ਸੰਯੁਕਤ ਰਾਸ਼ਟਰ ਵੱਲੋਂ ਲੀਬੀਆ ਦੀ ਅਗਵਾਈ ਅਤੇ ਇਸਦੀ ਮਲਕੀਅਤ  ਵਾਲੀ ਰਾਜਨੀਤਿਕ ਪ੍ਰਕਿਰਿਆ ਰਾਹੀਂ ਸ਼ਾਂਤੀ ਨਾਲ ਹੱਲ ਕੱਢਣ ਦੇ ਉਦੇਸ਼ ਨਾਲ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਚ ਇਸ ਦੁਆਰਾ ਪਾਏ ਗਏ ਯੋਗਦਾਨ ਦੀ ਤਾਰੀਫ ਕੀਤੀ, ਜਿਸ ਨਾਲ ਦੇਸ਼ ਦੀ ਪ੍ਰਭੂਸੱਤਾ, ਏਕਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ ਕਰਨ ਦੇ ਨਾਲ ਨਾਲ ਲੀਬੀਆਈ ਲੋਕਾਂ ਦੀਆਂ ਜਾਇਜ਼ ਇੱਛਾਵਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾ ਸਕੇ।

7. ਸ਼੍ਰੀ ਬੌਰੀਤਾ ਨੇ 2021-2022 ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਗੈਰ-ਸਥਾਈ ਸੀਟ ਲਈ ਚੁਣੇ ਜਾਣ 'ਤੇ ਭਾਰਤ ਨੂੰ ਵਧਾਈ ਦਿੱਤੀ ਅਤੇ ਵਿਸਥਾਰਤ ਸੰਯੁਕਤ ਰਾਸ਼ਟਰ ਸੁੱਰਖਿਆ ਪਰਿਸ਼ਦ ਵਿੱਚ ਭਾਰਤ ਦੀ ਸਥਾਈ ਮੈਂਬਰਸ਼ਿਪ ਲਈ ਮੋਰੱਕੋ ਦੀ ਸਰਕਾਰ ਦੇ ਸਮਰਥਨ ਬਾਰੇ ਵੀ ਕਿਹਾ। ਦੋਨਾਂ ਪੱਖਾਂ ਨੇ ਸੰਯੁਕਤ ਰਾਸ਼ਟਰ ਸਮੇਤ ਵੱਖ-ਵੱਖ ਕੌਮਾਂਤਰੀ ਸੰਗਠਨਾਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੇ ਨੇੜਲੇ ਤਾਲਮੇਲ ਉੱਤੇ ਤਸੱਲੀ ਪ੍ਰਗਟਾਈ।

8. ਵਿਦੇਸ਼ ਮੰਤਰੀ ਨੇ ਸਹਾਰਾ ਮੁੱਦੇ ਦਾ ਵਿਹਾਰਕ, ਸਦੀਵੀ, ਆਪਸੀ ਗੱਲਬਾਤ ਨਾਲ ਅਤੇ ਪਰਵਾਨ ਕਰਨ ਯੋਗ ਸਿਆਸੀ ਹੱਲ ਕੱਢਣ ਦੇ ਉਦੇਸ਼ ਨਾਲ ਸੰਯੁਕਤ ਰਾਸ਼ਟਰ ਦੇ ਮਹਾਂਸੱਕਤਰ ਦੇ ਯਤਨਾਂ ਪ੍ਰਤੀ ਭਾਰਤ ਦੀ ਹਮਾਇਤ ਜ਼ਾਹਰ ਕੀਤੀ ਅਤੇ ਇਸ ਦਿਸ਼ਾ ਵਿਚ ਮੋਰੱਕੋ ਦੇ ਯਤਨਾਂ ਦਾ ਜ਼ਿਕਰ ਕੀਤਾ।

9. ਵਿਦੇਸ਼ ਮੰਤਰੀ ਨੇ ਸ਼੍ਰੀ ਬੌਰੀਤਾ ਨੂੰ ਯੋਗ ਹਾਲਾਤ ਹੋਣ ਤੇ ਭਾਰਤ ਫੇਰੀ ਪਾਉਣ ਦਾ ਆਪਣਾ ਸੱਦਾ ਦੁਹਰਾਇਆ, ਜਿਸ ਨੂੰ ਮੋਰੱਕੋ ਦੇ ਵਿਦੇਸ਼ ਮੰਤਰੀ ਨੇ ਖੁਸ਼ੀ ਖੁਸ਼ੀ ਪਰਵਾਨ ਕੀਤਾ।

ਨਵੀਂ ਦਿੱਲੀ

22 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.